# ਵਿਸਤ੍ਰਿਤ ਰੂਪਰੇਖਾ

**I. ਸੰਸਾਰ ਦਾ ਅੱਤ ਪੁਰਾਤਨ ਇਤਹਾਸ (1:1-11:32)**

- A. ਸਰਿਸ਼ਟੀ ਦਾ ਅਰੰਭ ਅਤੇ ਪੂਰਾ ਹੋਣਾ (1:1-2:3)
  1. "ਪਰਮੇਸ਼ੁਰ ਨੇ ਅਕਾਸ਼ ਅਤੇ ਧਰਤੀ ਨੂੰ ਉਤਪਤ ਕੀਤਾ . . ." (1:1, 2)
  2. ਦਿਨ 1: ਚਾਨਣ ਦੀ ਸਰਿਸ਼ਟੀ ਕੀਤੀ ਗਈ ਅਤੇ ਉਸ ਨੂੰ ਹਨੇਰੇ ਤੋਂ ਵੱਖਰਾ ਕੀਤਾ ਗਿਆ (1:3-5)
  3. ਦਿਨ 2: ਪਾਣੀਆਂ ਦੇ ਵਿਚਕਾਰ ਅੰਬਰ ਬਣਾ ਕੇ ਉਨ੍ਹਾਂ ਨੂੰ ਵੱਖਰਾ ਕੀਤਾ ਗਿਆ (1:6-8)
  4. ਦਿਨ 3: ਸੁੱਕੀ ਭੂਮੀ, ਘਾਹ ਪੱਤ ਅਤੇ ਬਿਰਛ ਸਿਰਜੇ ਗਏ (1:9-13)
  5. ਦਿਨ 4: ਸੂਰਜ, ਚੰਦ ਅਤੇ ਤਾਰੇ ਅਕਾਸ਼ ਵਿੱਚ ਸਥਾਪਿਤ ਕੀਤੇ ਗਏ (1:14-19)
  6. ਦਿਨ 5: ਪਾਣੀ ਸਮੁੰਦਰੀ ਜੀਵਾਂ ਨਾਲ ਅਤੇ ਅਕਾਸ਼ ਪੰਛੀਆਂ ਨਾਲ ਭਰੇ ਗਏ (1:20-23)
  7. ਦਿਨ 6: ਪਸ਼ੂ ਅਤੇ ਮਨੁੱਖ ਨੂੰ ਸਿਰਜਿਆ ਗਿਆ (1:24-31)
     - a. ਧਰਤੀ ਉਤਲੇ ਪਸ਼ੂਆਂ ਦੀ ਸਰਿਸ਼ਟੀ (1:24, 25)
     - b. ਪਰਮੇਸ਼ੁਰ ਦੇ ਸਰੂਪ ਵਿੱਚ ਮਨੁੱਖ ਦੀ ਸਰਿਸ਼ਟੀ (1:26-28)
     - c. ਮਨੁੱਖਜਾਤੀ ਅਤੇ ਪਸ਼ੂਆਂ ਲਈ ਪਰਮੇਸ਼ੁਰ ਵੱਲੋਂ ਭੋਜਨ ਦਾ ਪ੍ਰਬੰਧ (1:29, 30)
     - d. ਪਰਮੇਸ਼ੁਰ ਵੱਲੋਂ ਸਰਿਸ਼ਟੀ ਦੀ ਪ੍ਰਸ਼ੰਸਾ (1:31)
  8. ਦਿਨ 7: ਪਰਮੇਸ਼ੁਰ ਨੇ ਸਰਿਸ਼ਟੀ ਕਰਕੇ ਵਿਸ਼ਰਾਮ ਕੀਤਾ (2:1-3)
- B. ਬਾਗ ਵਿੱਚ ਆਦਮੀ ਨੂੰ ਰੱਖਣਾ ਅਤੇ ਇਸਤਰੀ ਦੀ ਸਰਿਸ਼ਟੀ (2:4-25)
  1. "ਅਕਾਸ਼ ਤੇ ਧਰਤੀ ਦੀ ਪਦਾਇਸ਼ ਦਾ ਅਰੰਭ . . ." (2:4)
  2. ਅਦਨ ਦਾ ਬਾਗ ਅਤੇ ਆਦਮੀ (2:5-7)
  3. ਬਾਗ ਵਿੱਚ ਆਦਮੀ ਦਾ ਜੀਵਨ (2:8-17)
  4. ਆਦਮੀ ਲਈ ਪਸ਼ੂਆਂ ਵਿੱਚ ਕੋਈ ਢੁਕਵੀਂ ਸਹਾਇਕਣ ਨਾ ਲਭਣਾ (2:18-20)
  5. ਆਦਮੀ ਦੇ ਲਈ ਇਸਤਰੀ ਦੀ ਸਰਿਸ਼ਟੀ (2:21-25)
- C. ਮਨੁੱਖ ਦਾ ਪਤਨ (3:1-24)
  1. ਪ੍ਰੀਖਿਆ ਅਤੇ ਪਤਨ (3:1-7)
  2. ਪਤਿਤ ਦੰਪਤੀ ਦੇ ਨਾਲ ਪਰਮੇਸ਼ੁਰ ਦੀ ਮੁਲਾਕਾਤ (3:8-13)
  3. ਪਤਨ ਦੇ ਨਤੀਜੇ (3:14-19)
  4. ਇੱਕ ਨਵਾਂ ਨਾਮ ਅਤੇ ਇੱਕ ਨਵਾਂ ਚੋਲਾ: ਆਦਮ ਦੀ ਨਿਹਚਾ ਅਤੇ ਪਰਮੇਸ਼ੁਰ ਦੀ

ਕਿਰਪਾ (3:20, 21)
5. ਬਾਗ ਵਿੱਚੋਂ ਕੱਢਿਆ ਜਾਣਾ (3:22-24)

D. ਬਾਗ ਤੋਂ ਬਾਹਰ ਆਦਮ ਅਤੇ ਹੱਵਾਹ ਦਾ ਪਰਿਵਾਰ (4:1-16)
1. ਕਇਨ ਅਤੇ ਹਾਬਲ ਦਾ ਜਨਮ (4:1, 2)
2. ਕਇਨ ਅਤੇ ਹਾਬਲ ਦੀਆਂ ਭੇਟਾਂ ਅਤੇ ਪਰਮੇਸ਼ੁਰ ਦੀ ਪ੍ਰਤੀਕਿਰਿਆ (4:3-7)
3. ਕਇਨ ਦੁਆਰਾ ਆਪਣੇ ਭਰਾ ਹਾਬਲ ਦੀ ਹੱਤਿਆ (4:8-16)

E. ਦੋ ਬੰਸਾਵਲੀਆਂ (4:17-26)
1. ਕਇਨ ਦਾ ਪਰਿਵਾਰ ਅਤੇ ਸਭਿਆਚਾਰ ਦਾ ਅਰੰਭ (4:17-24)
2. ਸੇਥ ਅਤੇ ਉਸ ਦਾ ਪਰਿਵਾਰ (4:25, 26)

F. ਅੱਤ ਪੁਰਾਤਨ ਪੂਰਵਜ (5:1-32)
1. ਸਰਿਸ਼ਟੀ ਅਤੇ ਅਸੀਸ (5:1, 2)
2. ਸੇਥ ਤੋਂ ਹਨੋਕ ਤੱਕ ਆਦਮ ਦੀ ਨਵੀਂ ਬੰਸਾਵਲੀ (5:3-20)
3. ਹਨੋਕ ਤੋਂ ਨੂਹ ਤੱਕ ਬੰਸਾਵਲੀ (5:21-32)

G. ਜਲ ਪਰਲੋ: ਵਿਨਾਸ ਅਤੇ ਬਚਾਉ (6:1-22)
1. ਮਨੁੱਖ ਦੀ ਦੁਸ਼ਟਤਾ ਦਾ ਵੇਰਵਾ: ਪਰਮੇਸ਼ੁਰ ਦੇ ਪੁੱਤਰ ਅਤੇ ਆਦਮੀ ਦੀਆਂ ਧੀਆਂ (6:1-4)
2. ਮਨੁੱਖ ਦੀ ਦੁਸ਼ਟਤਾ ਦਾ ਸਾਰ ਅਤੇ ਪਰਮੇਸ਼ੁਰ ਦਾ ਨਿਆਉਂ (6:5-7)
3. ਭ੍ਰਿਸ਼ਟ ਸੰਸਾਰ ਦੇ ਉਲਟ ਧਰਮੀ ਨੂਹ (6:8-12)
4. ਜਲ ਪਰਲੋ ਦਾ ਐਲਾਨ ਅਤੇ ਕਿਸ਼ਤੀ ਬਣਾਉਣ ਲਈ ਪਰਮੇਸ਼ੁਰ ਵੱਲੋਂ ਦਿੱਤੇ ਗਏ ਨਿਰਦੇਸ਼ (6:13-22)

H. ਜਲ ਪਰਲੋ ਆਉਣਾ (7:1-24)
1. ਕਿਸ਼ਤੀ ਵਿੱਚ ਪ੍ਰਵੇਸ਼ ਕਰਨ ਲਈ ਪਰਮੇਸ਼ੁਰ ਦਾ ਹੁਕਮ (7:1-10)
2. ਜਲ ਪਰਲੋ ਦਾ ਅਰੰਭ (7:11-16)
3. ਪਾਣੀ ਦਾ ਉੱਚਾ ਉੱਠਣਾ ਅਤੇ ਪਹਾੜਾਂ ਦੀਆਂ ਟੀਸੀਆਂ ਦਾ ਵੀ ਡੁੱਬ ਜਾਣਾ (7:17-24)

I. ਮਨੁੱਖਜਾਤੀ ਦਾ ਨਵਾਂ ਅਰੰਭ (8:1-22)
1. ਜਲ ਪਰਲੋ ਦੇ ਪਾਣੀ ਦਾ ਉੱਤਰਨਾ (8:1-5)
2. ਸੁੱਕੀ ਭੂਮੀ ਦਿਖਾਈ ਦੇਣਾ (8:6-14)
3. ਕਿਸ਼ਤੀ ਵਿੱਚੋਂ ਬਾਹਰ ਨਿਕਲਣ ਲਈ ਪਰਮੇਸ਼ੁਰ ਦਾ ਹੁਕਮ (8:15-19)
4. ਸੰਸਾਰ ਨੂੰ ਜਲ ਪਰਲੋ ਨਾਲ ਦੁਬਾਰਾ ਕਦੇ ਨਾਸ ਨਾ ਕਰਨ ਦੀ ਪਰਮੇਸ਼ੁਰ ਦੀ ਪ੍ਰਤਿੱਗਿਆ (8:20-22)

J. ਨਵੇਂ ਸੰਸਾਰ ਲਈ ਪਰਮੇਸ਼ੁਰ ਦੇ ਹੁਕਮ ਅਤੇ ਨੇਮ (9:1-29)
1. ਨਵੇਂ ਸੰਸਾਰ ਲਈ ਪਰਮੇਸ਼ੁਰ ਦਾ ਪ੍ਰਬੰਧ (9:1-7)
2. ਪਰਮੇਸ਼ੁਰ ਦਾ ਨੇਮ ਅਤੇ ਚਿੰਨ੍ਹ (9:8-17)
3. ਨੂਹ ਦਾ ਸਰਾਪ ਅਤੇ ਅਸੀਸਾਂ (9:18-29)

K. ਨੂਹ ਦੀ ਅੰਸ (10:1-32)

1. ਨੂਹ ਦੀ ਬੰਸਾਵਲੀ ਦੇ ਵੇਰਵੇ ਦੀ ਜਾਣ-ਪਛਾਣ (10:1)
2. ਯਾਫਥ ਦੇ ਪੁੱਤਰ (10:2-5)
3. ਹਾਮ ਦੇ ਪੁੱਤਰ (10:6-20)
4. ਸ਼ੇਮ ਦੇ ਪੁੱਤਰ (10:21-31)
5. ਨੂਹ ਦੇ ਪੁੱਤਰਾਂ ਬਾਰੇ ਇੱਕ ਸੰਖੇਪ ਕਥਨ (10:32)

L. ਕੌਮਾਂ ਦਾ ਖਿੰਡਣਾ: ਭਾਸ਼ਾਵਾਂ ਦਾ ਉਲਟ ਪੁਲਟ ਹੋਣਾ ਅਤੇ ਬੰਸਾਵਲੀਆਂ (11:1-32)
1. ਨਾਮ ਖੱਟਣ ਲਈ ਇੱਕ ਉੱਚੇ ਬੁਰਜ ਦੀ ਉਸਾਰੀ (11:1-4)
2. ਮਨੁੱਖ ਦੇ ਹੰਕਾਰ ਲਈ ਪਰਮੇਸ਼ੁਰ ਦੀ ਸਜ਼ਾ (11:5-9)
3. ਸ਼ੇਮ ਦੇ ਪਰਿਵਾਰ ਦੀ ਬੰਸਾਵਲੀ (11:10-26)
4. ਤਾਰਹ ਦਾ ਪਰਿਵਾਰ (11:27-32)

## II. ਅਬਰਾਹਾਮ ਦਾ ਵਿਰਤਾਂਤ (12:1-25:18)

A. ਨਵੇਂ ਦੇਸ ਕਨਾਨ ਨੂੰ ਜਾਣ ਲਈ ਅਬਰਾਹਾਮ ਦਾ ਸੱਦਾ (12:1-20)
1. ਅਬਰਾਹਾਮ ਦਾ ਸੱਦਾ (12:1-3)
2. ਰੱਬੀ ਸੱਦੇ ਲਈ ਅਬਰਾਹਾਮ ਦਾ ਪ੍ਰਤੀਉੱਤਰ (12:4-9)
3. ਅਬਰਾਹਾਮ ਅਤੇ ਸਾਰਾਹ ਮਿਸਰ ਵਿੱਚ (12:10-20)

B. ਅਬਰਾਹਾਮ ਅਤੇ ਲੂਤ ਦਾ ਵੱਖਰੇ ਹੋਣਾ ਅਤੇ ਪ੍ਰਤਿੱਗਿਆਵਾਂ ਨੂੰ ਮੁੜ ਨਵਾਂ ਕਰਨਾ (13:1-18)
1. ਅਬਰਾਹਾਮ ਦੀ ਕਨਾਨ ਵਿੱਚ ਵਾਪਸੀ ਅਤੇ ਲੂਤ ਦਾ ਉਸ ਨਾਲ ਝਗੜਾ (13:1-7)
2. ਅਬਰਾਹਾਮ ਦੀ ਖੁੱਲ੍ਹਦਿਲੀ ਪੇਸ਼ਕਸ਼ ਅਤੇ ਲੂਤ ਦਾ ਫੈਸਲਾ (13:8-13)
3. ਭੂਮੀ ਦੀ ਪ੍ਰਤਿੱਗਿਆ ਨੂੰ ਪਰਮੇਸ਼ੁਰ ਵੱਲੋਂ ਮੁੜ ਨਵਾਂ ਕਰਨਾ ਅਤੇ ਅਬਰਾਹਾਮ ਦਾ ਪ੍ਰਤੀਉੱਤਰ (13:14-18)

C. ਅਬਰਾਹਾਮ ਦਾ ਯੁੱਧ ਲੜਣਾ ਅਤੇ ਦੋ ਰਾਜਿਆਂ ਨੂੰ ਮਿਲਣਾ (14:1-24)
1. ਰਾਜਿਆਂ ਦਾ ਯੁੱਧ (14:1-12)
2. ਅਬਰਾਹਾਮ ਦੁਆਰਾ ਲੂਤ ਅਤੇ ਬਾਕੀ ਕੈਦੀਆਂ ਨੂੰ ਛੁਡਾਉਣਾ (14:13-16)
3. ਅਬਰਾਹਾਮ ਦੀ ਦੋ ਰਾਜਿਆਂ ਨਾਲ ਮੁਲਾਕਾਤ (14:17-24)

D. ਅਬਰਾਹਾਮ ਨੂੰ ਭੂਮੀ ਦੇਣ ਦਾ ਪਰਮੇਸ਼ੁਰ ਦਾ ਨੇਮ (15:1-21)
1. ਰੱਬੀ ਪ੍ਰਤਿੱਗਿਆ ਅਤੇ ਨਿਹਚਾ ਦਾ ਪ੍ਰਤੀਉੱਤਰ (15:1-6)
2. ਨੇਮ ਦੀ ਤਿਆਰੀ (15:7-11)
3. ਨੇਮ ਦੀ ਨਬੂਵਤ (15:12-16)
4. ਨੇਮ ਦੀ ਪੂਰਤੀ (15:17-21)

E. ਹਾਜਰਾ ਅਤੇ ਇਸਮਾਏਲ ਦੀ ਵਾਰਤਾ (16:1-16)
1. ਅਬਰਾਹਾਮ ਦੇ ਪਰਿਵਾਰ ਵਿੱਚ ਝਗੜਾ (16:1-6)
2. ਇਸਮਾਏਲ ਦਾ ਜਨਮ (16:7-16)

F. ਅਬਰਾਹਾਮ ਨੂੰ ਇੱਕ ਕੌਮ ਬਣਾਉਣ ਦਾ ਪਰਮੇਸ਼ੁਰ ਦਾ ਨੇਮ (17:1-27)

1. ਅਬਰਾਮ ਦਾ ਨਵਾਂ ਨਾਮ (17:1-8)
2. ਨੇਮ ਦਾ ਚਿੰਨ੍ਹ: ਸੁੰਨਤ (17:9-14)
3. ਸਾਰਈ ਦਾ ਨਵਾਂ ਨਾਮ ਅਤੇ ਇਸਹਾਕ ਦੀ ਪ੍ਰਤਿੱਗਿਆ (17:15-22)
4. ਨੇਮ ਦੀ ਮੁਹਰਬੰਦੀ: ਅਬਰਾਹਾਮ ਦੇ ਘਰਾਣੇ ਦੀ ਸੁੰਨਤ (17:23-27)

G. ਪਰਮੇਸ਼ੁਰ ਦਾ ਅਬਰਾਹਾਮ ਕੋਲ ਆਉਣਾ (18:1-33)
1. ਅਬਰਾਹਾਮ ਦੁਆਰਾ ਤਿੰਨ ਸੁਰਗੀ ਦੂਤਾਂ ਦੀ ਪ੍ਰਾਹੁਣਚਾਰੀ (18:1-8)
2. ਸਾਰਾਹ, ਇੱਕ ਅਵਿਸ਼ਵਾਸੀ ਮੇਜ਼ਬਾਨ (18:9-15)
3. ਯਹੋਵਾਹ ਅਤੇ ਦੋ ਦੂਤਾਂ ਵਿਚਕਾਰ ਗੱਲਬਾਤ (18:16-22)
4. ਸਦੂਮ ਅਤੇ ਅਮੂਰਾਹ ਲਈ ਅਬਰਾਹਾਮ ਦੀ ਮਧਿਅਸਥੀ (18:23-33)

H. ਸਦੂਮ ਅਤੇ ਅਮੂਰਾਹ ਦਾ ਵਿਨਾਸ (19:1-38)
1. ਲੋਕਾਂ ਦੀ ਦੁਸ਼ਟਤਾ ਦਾ ਪ੍ਰਦਰਸ਼ਣ (19:1-11)
2. ਯਹੋਵਾਹ ਦੀ ਕਿਰਪਾ ਦਾ ਪ੍ਰਦਰਸ਼ਣ: ਲੂਤ ਦਾ ਨਿਸਤਾਰਾ (19:12-22)
3. ਯਹੋਵਾਹ ਦੇ ਨਿਆਉਂ ਦੀ ਪੂਰਤੀ (19:23-29)
4. ਲੂਤ ਦੁਆਰਾ ਆਪਣੀਆਂ ਧੀਆਂ ਨਾਲ ਜਿਨਸੀ ਸੰਬੰਧਾਂ ਦਾ ਲੇਖਾ ਦਰਜ ਹੋਣਾ (19:30-38)

I. ਅਬਰਾਹਾਮ ਅਤੇ ਸਾਰਾਹ ਗਰਾਰ ਵਿੱਚ: ਪਰਮੇਸ਼ੁਰ ਦੀ ਪ੍ਰਤਿੱਗਿਆ ਦੀ ਹਿਫਾਜਤ (20:1-18)
1. ਅਬਰਾਹਾਮ ਦਾ ਧੋਖਾ ਅਤੇ ਅਬੀਮਲਕ ਦੀ ਬੇਗੁਨਾਹੀ (20:1-7)
2. ਅਬੀਮਲਕ ਵੱਲੋਂ ਅਬਰਾਹਾਮ ਦਾ ਨਿਬੇੜਾ (20:8-18)

J. ਇਸਹਾਕ ਦਾ ਜਨਮ (21:1-7)

K. ਇਸਹਾਕ ਅਤੇ ਇਸਮਾਏਲ ਵਿਚਕਾਰ ਤਣਾਉ (21:8-21)
1. ਸਾਰਾਹ ਦੀ ਈਰਖਾ (21:8-14)
2. ਹਾਜਰਾ ਨੂੰ ਰੱਬੀ ਪ੍ਰਤਿੱਗਿਆ (21:15-21)

L. ਅਬਰਾਹਾਮ ਦੀ ਅਬੀਮਲਕ ਨਾਲ ਸੰਧੀ (21:22-34)

M. ਅਬਰਾਹਾਮ ਦੀ ਨਿਹਚਾ ਦੀ ਪਰਖ: ਉਸ ਦੇ ਪੁੱਤਰ ਇਸਹਾਕ ਨੂੰ ਬਲੀ ਚੜ੍ਹਾਉਣ ਦਾ ਸੱਦਾ (22:1-24)
1. ਅਬਰਾਹਾਮ ਦੀ ਵਫਾਦਾਰੀ (22:1-14)
2. ਪਰਮੇਸ਼ੁਰ ਦਾ ਪ੍ਰਤਿੱਗਿਆ ਨੂੰ ਮੁੜ ਨਵਾਂ ਕਰਨਾ (22:15-19)
3. ਅਬਰਾਹਾਮ ਦੇ ਪਰਿਵਾਰ ਦੀ ਖ਼ਬਰ ਆਉਣਾ (22:20-24)

N. ਸਾਰਾਹ ਦਾ ਦੇਹਾਂਤ (23:1-20)
1. ਸਾਰਾਹ ਦਾ ਦੇਹਾਂਤ ਅਤੇ ਅਬਰਾਹਾਮ ਦਾ ਸੋਗ (23:1, 2)
2. ਅਬਰਾਹਾਮ ਦੁਆਰਾ ਦਫਨਾਏ ਜਾਣ ਲਈ ਥਾਂ ਖਰੀਦਣਾ (23:3-16)
3. ਸਾਰਾਹ ਨੂੰ ਮਕਫੇਲਾ ਦੇ ਖੇਤ ਦੀ ਗੁਫਾ ਵਿੱਚ ਦਫਨਾਇਆ ਜਾਣਾ (23:17-20)

O. ਪਰਮੇਸ਼ੁਰ ਦਾ ਪ੍ਰਬੰਧ: ਇਸਹਾਕ ਲਈ ਪਤਨੀ (24:1-67)
1. ਅਬਰਾਹਾਮ ਵੱਲੋਂ ਆਪਣੇ ਸੇਵਕ ਨੂੰ ਹੁਕਮ (24:1-9)
2. ਸੇਵਕ ਦੁਆਰਾ ਮਾਰਗ ਦਰਸ਼ਣ ਲਈ ਪ੍ਰਾਰਥਨਾ (24:10-14)

3. ਰਿਬਕਾਹ ਦਾ ਪਾਣੀ ਦੇ ਚਸ਼ਮੇ ਕੋਲ ਆਉਣਾ (24:15-27)
4. ਰਿਬਕਾਹ ਦੇ ਪਰਿਵਾਰ ਦੀ ਪ੍ਰਤੀਕਿਰਿਆ (24:28-33)
5. ਸੇਵਕ ਦਾ ਵਾਰਤਾ ਸੁਣਾਉਣਾ (24:34-49)
6. ਯਾਤਰਾ ਵਿੱਚ ਸਫਲਤਾ ਮਿਲਣਾ (24:50-61)
7. ਇਸਹਾਕ ਅਤੇ ਰਿਬਕਾਹ ਦਾ ਵਿਆਹ (24:62-67)

P. ਅਬਰਾਹਾਮ ਦਾ ਆਖਰੀ ਸਮਾਂ (25:1-11)
1. ਕਟੂਰਾਹ ਤੋਂ ਅਬਰਾਹਾਮ ਦਾ ਪਰਿਵਾਰ ਅਤੇ ਇਸਹਾਕ ਲਈ ਮੀਰਾਸ (25:1-6)
2. ਅਬਰਾਹਾਮ ਦਾ ਦੇਹਾਂਤ ਅਤੇ ਦਫਨਾਇਆ ਜਾਣਾ (25:7-11)

Q. ਇਸਮਾਏਲ ਦੀ ਅੰਸ (25:12-18)

## III. ਇਸਹਾਕ ਦਾ ਵਿਰਤਾਂਤ (25:19-28:9)

A. ਏਸਾਓ ਅਤੇ ਯਾਕੂਬ ਦਾ ਜਨਮ (25:19-26)

B. ਏਸਾਓ ਤੋਂ ਉਸ ਦਾ ਜੇਠੇ ਹੋਣ ਦਾ ਹੱਕ ਹਾਸਲ ਕਰਨ ਲਈ ਯਾਕੂਬ ਦਾ ਸੌਦਾ (25:27-34)

C. ਇਸਹਾਕ ਦਾ ਫਿਲਿਸਤੀਆਂ ਵਿੱਚ ਵੱਸਣਾ (26:1-33)
1. ਗਰਾਰ ਵਿੱਚ (26:1-22)
    a. ਇਸਹਾਕ ਨੂੰ ਪਰਮੇਸ਼ੁਰ ਦੀ ਪ੍ਰਤਿੱਗਿਆ (26:1-5)
    b. ਇਸਹਾਕ ਦਾ ਆਪਣੀ ਪਤਨੀ ਬਾਰੇ ਝੂਠ ਬੋਲਣਾ (26:6-11)
    c. ਇਸਹਾਕ ਦੀ ਦੌਲਤ ਬਾਰੇ ਫਿਲਸਤੀਆਂ ਦੀ ਈਰਖਾ (26:12-17)
    d. ਇਸਹਾਕ ਦੇ ਖੂਹਾਂ ਨੂੰ ਲੈ ਕੇ ਫਿਲਿਸਤੀਆਂ ਨਾਲ ਝਗੜੇ (26:18-22)
2. ਬਏਰਸਬਾ ਵਿੱਚ (26:23-33)
    a. ਬਏਰਸਬਾ ਵਿੱਚ ਪਰਮੇਸ਼ੁਰ ਦਾ ਦਰਸ਼ਣ (26:23-25)
    b. ਇਸਹਾਕ ਦੀ ਅਬੀਮਲਕ ਦੇ ਨਾਲ ਸੰਧੀ (26:26-33)

D. ਏਸਾਓ ਦੀਆਂ ਹਿੱਤੀ ਪਤਨੀਆਂ ਕਾਰਣ ਇਸਹਾਕ ਅਤੇ ਰਿਬਕਾਹ ਦੇ ਕਸ਼ਟ (26:34, 35)

E. ਯਾਕੂਬ ਦੁਆਰਾ ਏਸਾਓ ਦੀ ਅਸੀਸ ਚੁਰਾਉਣਾ (27:1-45)
1. ਇਸਹਾਕ ਦੀ ਅਸੀਸ ਲਈ ਸਾਜਸ਼ ਅਤੇ ਉਸ ਸਾਜਸ਼ ਦੇ ਖਿਲਾਫ ਇੱਕ ਹੋਰ ਸਾਜਸ਼ (27:1-17)
2. ਧੋਖੇ ਵਿੱਚ ਆਣ ਕੇ ਇਸਹਾਕ ਦਾ ਯਾਕੂਬ ਨੂੰ ਅਸੀਸ ਦੇਣਾ (27:18-29)
3. ਏਸਾਓ ਦੀ ਅਸੀਸ ਦਾ ਸਰਾਪ ਵਰਗਾ ਹੋਣਾ (27:30-40)
4. ਏਸਾਓ ਦੁਆਰਾ ਯਾਕੂਬ ਦੀ ਹੱਤਿਆ ਦੀ ਯੋਜਨਾ ਬਣਾਉਣਾ (27:41-45)

F. ਯਾਕੂਬ ਦੇ ਹਾਰਾਨ ਜਾਣ ਤੋਂ ਪਹਿਲਾਂ ਉਸ ਨੂੰ ਇਸਹਾਕ ਦਾ ਹੁਕਮ (27:46-28:5)

G. ਇਸਹਾਕ ਨੂੰ ਪ੍ਰਸੰਨ ਕਰਨ ਲਈ ਏਸਾਓ ਦਾ ਇੱਕ ਹੋਰ ਵਿਆਹ ਕਰਨਾ (28:6-9)

**IV. ਯਾਕੂਬ ਦਾ ਵਿਰਤਾਂਤ (28:10-36:43)**

A. ਯਾਕੂਬ ਬੈਤਏਲ ਵਿੱਚ: ਪਰਮੇਸ਼ੁਰ ਦਾ ਦਰਸ਼ਣ ਅਤੇ ਇੱਕ ਸੁੱਖਣਾ (28:10-22)

B. ਯਾਕੂਬ ਦੇ ਵਿਆਹ (29:1-30)

1. ਯਾਕੂਬ ਦੀ ਰਾਖੇਲ ਨਾਲ ਮੁਲਾਕਾਤ (29:1-14)
2. ਲੇਆਹ ਅਤੇ ਰਾਖੇਲ ਬਾਰੇ ਲਾਬਾਨ ਦਾ ਯਾਕੂਬ ਨੂੰ ਧੋਖਾ ਦੇਣਾ (29:15-30)

C. ਲੇਆਹ ਅਤੇ ਰਾਖੇਲ ਵਿਚਲੀ ਲਾਗਤਬਾਜੀ (29:31-30:24)

1. ਲੇਆਹ ਦੇ ਵੱਡੇ ਪੁੱਤਰ (29:31-35)
2. ਰਾਖੇਲ ਦੀ ਗੋੱਲੀ ਦੇ ਪੁੱਤਰ (30:1-8)
3. ਲੇਆਹ ਦੀ ਗੋੱਲੀ ਦੇ ਪੁੱਤਰ (30:9-13)
4. ਦੂਦੀਆਂ ਦਾ ਸੌਦਾ ਅਤੇ ਲੇਆਹ ਦੇ ਛੋਟੇ ਬੱਚਿਆਂ ਦੇ ਜਨਮ (30:14-21)
5. ਰਾਖੇਲ ਦੇ ਪੁੱਤਰ (30:22-24)

D. ਯਾਕੂਬ ਦਾ ਇੱਜੜਾਂ ਲਈ ਲਾਬਾਨ ਨਾਲ ਸੌਦਾ (30:25-43)

1. ਯਾਕੂਬ ਦੁਆਰਾ ਪਸ਼ੂਆਂ ਦੀ ਵੰਡ (30:25-36)
2. ਯਾਕੂਬ ਦੀ ਫਰੇਬੀ ਚਾਲ (30:37-43)

E. ਯਾਕੂਬ ਅਤੇ ਉਸ ਦੇ ਪਰਿਵਾਰ ਦੀ ਲਾਬਾਨ ਤੋਂ ਵਿਦਾਈ (31:1-55)

1. ਪਰਮੇਸ਼ੁਰ ਵੱਲੋਂ ਯਾਕੂਬ ਨੂੰ ਕੂਚ ਕਰਨ ਦਾ ਹੁਕਮ (31:1-16)
2. ਯਾਕੂਬ ਦਾ ਗੁਪਤ ਕੂਚ (31:17-21)
3. ਲਾਬਾਨ ਵੱਲੋਂ ਯਾਕੂਬ ਦਾ ਪਿੱਛਾ ਅਤੇ ਪੁੱਛ-ਗਿੱਛ ਕਰਨਾ (31:22-35)
4. ਯਾਕੂਬ ਦਾ ਆਪਣੇ ਸਹੁਰੇ ਨੂੰ ਕ੍ਰੋਧਿਤ ਉੱਤਰ (31:36-42)
5. ਯਾਕੂਬ ਅਤੇ ਲਾਬਾਨ ਵਿਚਕਾਰ ਨੇਮ (31:43-55)

F. ਵੀਹ ਵਰ੍ਹਿਆਂ ਬਾਅਦ ਯਾਕੂਬ ਅਤੇ ਏਸਾਓ ਦਾ ਪੁਨਰਮੇਲ (32:1-33:17)

1. ਯਾਕੂਬ ਦਾ ਆਪਣੇ ਘਰ ਜਾਂਦਿਆਂ ਦੂਤਾਂ ਨਾਲ ਮਿਲਣਾ (32:1, 2)
2. ਯਾਕੂਬ ਦਾ ਏਸਾਓ ਨੂੰ ਮਿਲਣ ਦੀ ਤਿਆਰੀ ਕਰਨਾ ਅਤੇ ਪਰਮੇਸ਼ੁਰ ਅੱਗੇ ਉਸ ਦੀ ਪ੍ਰਾਰਥਨਾ (32:3-12)
3. ਯਾਕੂਬ ਦੀ ਚਲਾਕ ਨੀਤੀ (32:13-21)
4. ਯੱਬੋਕ ਦੇ ਪੱਤਣ ’ਤੇ ਦੂਤ ਦੇ ਨਾਲ ਯਾਕੂਬ ਦਾ ਘੋਲ (32:22-32)
5. ਯਾਕੂਬ ਦਾ ਏਸਾਓ ਨਾਲ ਪੁਨਰਮੇਲ ਅਤੇ ਉਨ੍ਹਾਂ ਦਾ ਆਪਣੇ-ਆਪਣੇ ਰਾਹੇ ਜਾਣਾ (33:1-17)

G. ਯਾਕੂਬ ਅਤੇ ਉਸ ਦੇ ਪਰਿਵਾਰ ਦਾ ਸ਼ਕਮ ਵਿੱਚ ਜਾ ਵੱਸਣਾ (33:18-34:31)

1. ਉਨ੍ਹਾਂ ਦੀ ਯਾਤਰਾ (33:18-20)
2. ਦੀਨਾਹ ਦੀ ਬੇਪਤੀ (34:1-7)
3. ਯਾਕੂਬ ਦੇ ਪੁੱਤਰਾਂ ਦੀਆਂ ਸ਼ਕਮ ਦੇ ਲੋਕਾਂ ਕੋਲੋਂ ਮੰਗਾਂ (34:8-17)
4. ਲੋਕਾਂ ਦੁਆਰਾ ਉਨ੍ਹਾਂ ਦੀਆਂ ਮੰਗਾਂ ਨੂੰ ਨਾਦਾਨੀ ਵਿੱਚ ਮੰਨ ਲੈਣਾ (34:18-24)
5. ਸ਼ਕਮ ਦੇ ਲੋਕਾਂ ਦਾ ਕਤਲੇਆਮ (34:25-31)

H. ਬੈਤਏਲ ਨੂੰ ਵਾਪਸੀ (35:1-15)

1. ਯਾਕੂਬ ਦੇ ਪਰਿਵਾਰ ਦੀ ਸ਼ੁੱਧੀ: ਪਰਾਏ ਦੇਵਤਿਆਂ ਨੂੰ ਬਾਹਰ ਸੁੱਟਣਾ (35:1-4)
2. ਬੈਤਏਲ ਵਿਖੇ ਘਟਨਾਵਾਂ: ਪਰਮੇਸ਼ੁਰ ਦਾ ਦਰਸ਼ਣ ਅਤੇ ਪਰਮੇਸ਼ੁਰ ਦੀ ਪ੍ਰਤਿੱਗਿਆ ਦੀ ਮੁੜ ਤਸਦੀਕ (35:5-15)

I. ਬੈਤਏਲ ਤੋਂ ਬਾਅਦ ਦੀਆਂ ਘਟਨਾਵਾਂ (35:16-29)
1. ਬਿਨਯਾਮੀਨ ਨੂੰ ਜਨਮ ਦਿੰਦਿਆਂ ਰਾਖੇਲ ਦੀ ਮੌਤ (35:16-21)
2. ਰਊਬੇਨ ਦੁਆਰਾ ਯਾਕੂਬ ਦੀ ਸੁਰੇਤ ਨਾਲ ਜਿਨਸੀ ਸੰਬੰਧ (35:22)
3. ਯਾਕੂਬ ਦੇ ਪੁੱਤਰ (35:22-26)
4. ਇਸਹਾਕ ਦਾ ਦੇਹਾਂਤ (35:27-29)

J. ਏਸਾਓ ਦੀ ਅੰਸ (36:1-43)
1. ਏਸਾਓ ਦਾ ਆਪਣਾ ਪਰਿਵਾਰ ਅਤੇ ਪੋਤੇ (36:1-14)
2. ਏਸਾਓ ਦੀ ਅੰਸ ਦੇ ਸਰਦਾਰ (36:15-19)
3. ਸ਼ੇਈਰ ਹੋਰੀ ਦੇ ਪੁੱਤਰ ਅਤੇ ਸਰਦਾਰ (36:20-30)
4. ਅਦੋਮ ਦੇ ਰਾਜੇ ਅਤੇ ਸਰਦਾਰ (36:31-43)

**V. ਯੂਸੁਫ਼ ਦਾ ਵਿਰਤਾਂਤ (37:1-50:26)**

A. ਯੂਸੁਫ਼ ਕਨਾਨ ਦੇਸ ਵਿੱਚ (37:1-36)
1. ਯੂਸੁਫ਼ ਦੀ ਜਵਾਨੀ ਵਿਚਲੇ ਸੁਫਨੇ (37:1-11)
2. ਯੂਸੁਫ਼ ਦੁਆਰਾ ਆਪਣੇ ਭਰਾਵਾਂ ਦੀ ਭਾਲ (37:12-17)
3. ਯੂਸੁਫ਼ ਦੇ ਭਰਾਵਾਂ ਦੁਆਰਾ ਉਸ ਨਾਲ ਵਿਸ਼ਵਾਸਘਾਤ (37:18-28)
4. ਭਰਾਵਾਂ ਦਾ ਯਾਕੂਬ ਨੂੰ ਝੂਠ ਬੋਲਣਾ (37:29-36)

B. ਯਹੂਦਾਹ ਅਤੇ ਉਸ ਦੀ ਨੂੰਹ ਤਾਮਾਰ (38:1-30)
1. ਯਹੂਦਾਹ ਦਾ ਇੱਕ ਕਨਾਨੀ ਇਸਤਰੀ ਨਾਲ ਵਿਆਹ ਅਤੇ ਉਨ੍ਹਾਂ ਦੇ ਪੁੱਤਰ (38:1-5)
2. ਤਾਮਾਰ ਦੇ ਇੱਕ ਤੋਂ ਬਾਅਦ ਇੱਕ ਦੋ ਪਤੀਆਂ ਦੀ ਮੌਤ (38:6-11)
3. ਯਹੂਦਾਹ ਦਾ ਪਾਪ ਅਤੇ ਤਾਮਾਰ ਦਾ ਧੋਖਾ (38:12-23)
4. ਯਹੂਦਾਹ ਦਾ ਇਕਰਾਰ ਅਤੇ ਤਾਮਾਰ ਦਾ ਸਫਾਈ ਪੇਸ਼ ਕਰਨਾ (38:24-30)

C. ਯੂਸੁਫ਼ ਦਾ ਗੁਲਾਮ ਹੋ ਕੇ ਪੋਟੀਫ਼ਰ ਦੇ ਘਰ ਆਉਣਾ (39:1-23)
1. ਯੂਸੁਫ਼ ਦਾ ਤਰੱਕੀ ਪ੍ਰਾਪਤ ਕਰਕੇ ਪੋਟੀਫ਼ਰ ਦੀ ਮਿਲਖ ਉੱਤੇ ਮੁਖ਼ਤਿਆਰ ਬਣਨਾ (39:1-6)
2. ਯੂਸੁਫ਼ ਨੂੰ ਲੁਭਾਉਣ ਲਈ ਪੋਟੀਫ਼ਰ ਦੀ ਪਤਨੀ ਦੇ ਜਤਨ (39:6-18)
3. ਝੂਠੇ ਇਲਜ਼ਾਮ ਕਾਰਣ ਯੂਸੁਫ਼ ਦਾ ਕੈਦਖਾਨੇ ਵਿੱਚ ਪੈਣਾ (39:19-23)

D. ਯੂਸੁਫ਼ ਕੈਦਖਾਨੇ ਵਿੱਚ (40:1-23)
1. ਫਿਰਊਨ ਦੇ ਅਫਸਰਾਂ ਦਾ ਵੀ ਕੈਦਖਾਨੇ ਵਿੱਚ ਪੈਣਾ (40:1-8)
2. ਸਾਕੀਆਂ ਦੇ ਸਰਦਾਰ ਦਾ ਸੁਫਨਾ ਅਤੇ ਯੂਸੁਫ਼ ਵੱਲੋਂ ਉਸ ਦੀ ਵਿਆਖਿਆ (40:9-15)
3. ਰਸੋਈਆਂ ਦੇ ਸਰਦਾਰ ਦਾ ਸੁਫਨਾ ਅਤੇ ਯੂਸੁਫ਼ ਵੱਲੋਂ ਉਸ ਦੀ ਵਿਆਖਿਆ

(40:16-19)
4. ਸੁਫਨਿਆਂ ਦਾ ਪੂਰਾ ਹੋਣਾ (40:20-23)

E. ਫਿਰਊਨ ਦੇ ਰਹੱਸਮਈ ਸੁਫਨੇ (41:1-57)
1. ਫਿਰਊਨ ਦੇ ਸੁਫਨਿਆਂ ਦਾ ਅਰਥ ਦੱਸਣ ਵਿੱਚ ਜਾਦੂਗਰਾਂ ਦੀ ਵਿਫਲਤਾ (41:1-8)
2. ਸਾਕੀਆਂ ਦੇ ਸਰਦਾਰ ਦੁਆਰਾ ਯੂਸੁਫ਼ ਨੂੰ ਚੇਤੇ ਕਰਨਾ (41:9-13)
3. ਫਿਰਊਨ ਦਾ ਆਪਣੇ ਸੁਫਨਿਆਂ ਦਾ ਅਰਥ ਦੱਸਣ ਲਈ ਯੂਸੁਫ਼ ਨੂੰ ਸੱਦਣਾ (41:14-32)
4. ਯੂਸੁਫ਼ ਦੀ ਸਿਆਣਪ ਭਰੀ ਯੋਜਨਾ (41:33-36)
5. ਯੂਸੁਫ਼ ਨੂੰ ਫਿਰਊਨ ਵੱਲੋਂ ਇਨਾਮ (41:37-45)
6. ਯੂਸੁਫ਼ ਦੁਆਰਾ ਭਰਪੂਰੀ ਦੇ ਸੱਤ ਵਰ੍ਹਿਆਂ ਦੀ ਤਿਆਰੀ (41:46-49)
7. ਮਿਸਰ ਵਿੱਚ ਯੂਸੁਫ਼ ਦੀ ਸੰਤਾਨ (41:50-52)
8. ਯੂਸੁਫ਼ ਦੁਆਰਾ ਅਕਾਲ ਦੇ ਸੱਤ ਵਰ੍ਹਿਆਂ ਦੌਰਾਨ ਪ੍ਰਬੰਧ (41:53-57)

F. ਯੂਸੁਫ਼ ਦੇ ਭਰਾਵਾਂ ਦਾ ਮਿਸਰ ਆਉਣਾ (42:1-38)
1. ਅੰਨ ਖਰੀਦਣ ਲਈ ਮਿਸਰ ਨੂੰ ਜਾਣਾ (42:1-5)
2. ਭਰਾਵਾਂ ਦੀ ਮਿਸਰ ਵਿੱਚ ਯੂਸੁਫ਼ ਨਾਲ ਮੁਲਾਕਾਤ (42:6-17)
3. ਭਰਾਵਾਂ ਦੇ ਮਿਸਰ ਛੱਡਣ ਤੋਂ ਪਹਿਲਾਂ ਇੱਕ ਨੂੰ ਕੈਦੀ ਕਰਕੇ ਰੱਖੇ ਜਾਣ ਦੀ ਮੰਗ (42:18-25)
4. ਭਰਾਵਾਂ ਦਾ ਅੰਨ ਦੇ ਨਾਲ ਪਰ ਸ਼ਿਮਓਨ ਦੇ ਬਿਨਾ ਘਰੇ ਮੁੜਨਾ (42:26-34)
5. ਯਾਕੂਬ ਦੀ ਹਾਲਾਤ ਦੇ ਪ੍ਰਤੀ ਪ੍ਰਤੀਕਿਰਿਆ (42:35-38)

G. ਭਰਾਵਾਂ ਦਾ ਦੁਬਾਰਾ ਮਿਸਰ ਆਉਣਾ (43:1-34)
1. ਯਹੂਦਾਹ ਦੁਆਰਾ ਬਿਨਯਾਮੀਨ ਨੂੰ ਮਿਸਰ ਲੈ ਜਾਣ ਲਈ ਯਾਕੂਬ ਅੱਗੇ ਬੇਨਤੀ (43:1-15)
2. ਭਰਾਵਾਂ ਦੁਆਰਾ ਯੂਸੁਫ਼ ਦੇ ਮੁਖ਼ਤਿਆਰ ਅੱਗੇ ਬੇਨਤੀ (43:16-25)
3. ਭਰਾਵਾਂ ਅਤੇ ਯੂਸੁਫ਼ ਦਾ ਇਕੱਠਿਆਂ ਭੋਜਨ ਖਾਣਾ (43:26-34)

H. ਬਿਨਯਾਮੀਨ ਦਾ ਸੰਕਟ ਵਿੱਚ ਪੈਣਾ (44:1-34)
1. ਚਾਂਦੀ ਦੇ ਪਿਆਲੇ ਵਾਲੀ ਘਟਨਾ (44:1-17)
2. ਯਹੂਦਾਹ ਦੁਆਰਾ ਯੂਸੁਫ਼ ਅੱਗੇ ਨਿਰਸੁਆਰਥ ਬੇਨਤੀ (44:18-34)

I. ਯੂਸੁਫ਼ ਦਾ ਆਪਣੇ ਭਰਾਵਾਂ ਨਾਲ ਪੁਨਰਮੇਲ (45:1-28)
1. ਯੂਸੁਫ਼ ਦਾ ਆਪਣੇ ਆਪ ਨੂੰ ਆਪਣੇ ਭਰਾਵਾਂ ਅੱਗੇ ਉਜਾਗਰ ਕਰਨਾ (45:1-15)
2. ਫਿਰਊਨ ਦੁਆਰਾ ਸਾਰੇ ਪਰਿਵਾਰ ਨੂੰ ਮਿਸਰ ਵਿੱਚ ਆਣ ਕੇ ਵੱਸ ਜਾਣ ਦਾ ਸੱਦਾ (45:16-20)
3. ਯੂਸੁਫ਼ ਦੁਆਰਾ ਪ੍ਰਬੰਧ ਅਤੇ ਭਰਾਵਾਂ ਦਾ ਯਾਕੂਬ ਕੋਲ ਵਾਪਿਸ ਜਾਣਾ (45:21-28)

J. ਯਾਕੂਬ ਦੇ ਪਰਿਵਾਰ ਦਾ ਮਿਸਰ ਵਿੱਚ ਜਾ ਵੱਸਣਾ (46:1-47:12)

1. ਪਰਮੇਸ਼ੁਰ ਦਾ ਬਏਰਸਬਾ ਵਿੱਚ ਯਾਕੂਬ ਨੂੰ ਤਸੱਲੀ ਦੇਣਾ ਅਤੇ ਮਿਸਰ ਨੂੰ ਯਾਤਰਾ (46:1-7)
2. ਯਾਕੂਬ ਦੀ ਬੰਸਾਵਲੀ (46:8-27)
3. ਯੂਸੁਫ਼ ਦੁਆਰਾ ਯਾਕੂਬ ਅਤੇ ਉਸ ਦੇ ਪਰਿਵਾਰ ਦਾ ਸੁਆਗਤ (46:28-34)
4. ਯੂਸੁਫ਼ ਦੇ ਪਰਿਵਾਰ ਦਾ ਫਿਰਊਨ ਦੇ ਸਾਹਮਣੇ ਪੇਸ਼ ਹੋਣਾ ਅਤੇ ਉਨ੍ਹਾਂ ਦਾ ਗੋਸ਼ਨ ਵਿੱਚ ਵੱਸਣਾ (47:1-12)

K. ਅਕਾਲ ਦਾ ਜਾਰੀ ਰਹਿਣਾ (47:13-26)
1. ਲੋੜਵੰਦ ਪਰਜਾ (47:13-19)
2. ਯੂਸੁਫ਼ ਦੁਆਰਾ ਇੱਕ ਨਵੇਂ ਸ਼ਾਹੀ ਟੈਕਸ ਦੀ ਸਥਾਪਨਾ (47:20-26)

L. ਯਾਕੂਬ ਦਾ ਆਖਰੀ ਸਮਾਂ (47:27-48:22)
1. ਯਾਕੂਬ ਦੁਆਰਾ ਉਸ ਨੂੰ ਮਕਫੇਲਾ ਦੀ ਗੁਫਾ ਵਿੱਚ ਦਫਨਾਏ ਜਾਣ ਦੀ ਬੇਨਤੀ (47:27-31)
2. ਯਾਕੂਬ ਦੁਆਰਾ ਯੂਸੁਫ਼ ਦੇ ਦੋਹਾਂ ਪੁੱਤਰਾਂ ਨੂੰ ਬਾਰਾਂ ਵਿੱਚ ਸ਼ਾਮਲ ਕਰਨਾ (48:1-7)
3. ਇਫ਼ਰਾਈਮ ਅਤੇ ਮਨੱਸ਼ਹ ਨੂੰ ਅਸੀਸ (48:8-22)

M. ਆਪਣੇ ਦੇਹਾਂਤ ਤੋਂ ਪਹਿਲਾਂ ਯਾਕੂਬ ਦਾ ਆਪਣੇ ਪੁੱਤਰਾਂ ਨੂੰ ਅਸੀਸਾਂ ਦੇਣਾ (49:1-27)
1. ਸੁਣਨ ਦਾ ਸੱਦਾ (49:1, 2)
2. ਲੇਆਹ ਦੇ ਪੁੱਤਰ (49:3-15)
3. ਸੁਰੇਤਾਂ ਦੇ ਪੁੱਤਰ (49:16-21)
4. ਰਾਖੇਲ ਦੇ ਪੁੱਤਰ (49:22-27)

N. ਯਾਕੂਬ ਦਾ ਦੇਹਾਂਤ ਅਤੇ ਦਫਨਾਇਆ ਜਾਣਾ (49:28-50:14)
1. ਯਾਕੂਬ ਦਾ ਦੇਹਾਂਤ (49:28-33)
2. ਯਾਕੂਬ ਨੂੰ ਕਨਾਨ ਵਿੱਚ ਦਫਨਾਇਆ ਜਾਣਾ (50:1-14)

O. ਯੂਸੁਫ਼ ਦਾ ਆਖਰੀ ਸਮਾਂ (50:15-26)
1. ਯੂਸੁਫ਼ ਦੁਆਰਾ ਆਪਣੇ ਭੈਭੀਤ ਭਰਾਵਾਂ ਨੂੰ ਮੁੜ ਤਸੱਲੀ ਦੇਣਾ (50:15-21)
2. ਯੂਸੁਫ਼ ਦੁਆਰਾ ਉਸ ਨੂੰ ਦਫਨਾਏ ਜਾਣ ਦੇ ਨਿਰਦੇਸ਼ ਅਤੇ ਉਸ ਦੀ ਮੌਤ (50:22-26)